C-DRN-N-RVOC

# PUNJABI

( COMPULSORY )

2014

Time allowed : Three Hours

Maximum Marks : 300

## Question Paper Specific Instructions

***Please read each of the following instructions carefully before attempting questions :***

*All questions are to be attempted.*

*The number of marks carried by a question is indicated against it.*

*Answers must be written in **PUNJABI (Gurumukhi script)** unless otherwise directed in the question.*

*Word limit in questions, wherever specified, should be adhered to and if answered in much longer or shorter than the prescribed length, marks may be deducted.*

*Any page or portion of the page left blank in the Question-cum-Answer Booklet must be clearly struck off.*

**Q1.** ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇਕ ਵਿਸ਼ੇ ਬਾਰੇ ਲਗਭਗ 600 ਸ਼ਬਦਾਂ ਦਾ ਨਿਬੰਧ ਲਿਖੋ : **100**

(i) ਰਾਜਨੀਤੀ ਵਿਚ ਔਰਤਾਂ ਦੀ ਭੂਮਿਕਾ

(ii) ਕੀ ਚੀਨ ਦੇ ਆਰਥਿਕ ਵਿਕਾਸ ਤੋਂ ਭਾਰਤ ਨੂੰ ਡਰਨਾ ਚਾਹੀਦਾ ਹੈ ?

(iii) ਭਾਰਤੀ ਸਮਾਜ ਵਿਚ ਤਲਾਕਾਂ ਦੀ ਵਧਦੀ ਮਾਨਤਾ

(iv) ਕੀ ਸਖ਼ਤ ਕਾਨੂਨ ਨੈਤਿਕਤਾ ਲਈ ਕਾਰਗਾਰ ਹੋ ਸਕਦੇ ਹਨ ?



RaadheytheVisiion || Contact us: - +919625757536; +918889907405
mailto:mentorship@raadheythevisiion.in raadheythevisiion.in
Mukherjee Nagar, North West, Delhi-110009

**Q2.** ਹੇਠ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਪੱਸ਼ਟ ਅਤੇ ਸਹੀ ਉੱਤਰ ਲਿਖੋ : *12×5=60*

ਵਿਸ਼ਵ ਪੱਧਰ ਉਪਰ ਲੋਕਾਂ ਦਾ ਪਰਵਾਸ ਸਦੀਆਂ ਪਹਿਲਾਂ ਆਰੰਭ ਹੋ ਗਿਆ ਸੀ, ਉਦੋਂ ਜਦੋਂ ਲੋਕਾਂ ਨੇ ਸਮੂਹਾ ਵਿਚ ਇਕ ਇਲਾਕੇ ਤੋਂ ਦੂਜੇ ਇਲਾਕੇ ਵਿਚ, ਕਈ ਕਾਰਣਾ ਕਰਕੇ, ਜਾਣਾ ਸ਼ੁਰੂ ਕੀਤਾ – ਜਿਵੇਂ ਚਾਰਾਗਾਹਾਂ ਜਾਂ ਖੇਤੀ ਲਈ ਜ਼ਮੀਨ ਦੀ ਭਾਲ ਲਈ, ਤਾਨਾਸ਼ਾਹੀ ਅਤੇ ਜੁਲਮ ਤੋਂ ਬਚਣ ਲਈ, ਆਪਣੇ ਵਿਸ਼ਵਾਸ ਅਤੇ ਅਭਿਵਿਅਕਤੀ ਦੀ ਆਜ਼ਾਦੀ ਲਈ, ਜਾਂ ਫਿਰ ਸਿਰਫ ਘੁੰਮਣ ਫਿਰਨ ਦੀ ਲਾਲਸਾ ਕਾਰਣ । ਪਰਵਾਸੀ ਆਪਣੇ ਨਾਲ ਆਪਣੇ ਸਭਿਆਚਾਰ ਨੂੰ ਵੀ ਨਾਲ ਲੈ ਕੇ ਆਉਂਦੇ ਹਨ ਅਤੇ ਉਸਨੂੰ ਅਤੇ ਰਸਤੇ ਵਿਚ ਜਾਂ ਉਹ ਜਿਥੇ ਪਹੁੰਚਦੇ ਹਨ ਉਸਨੂੰ ਪਰਚਾਰਿਤ ਕਰਨ ਦਾ ਯਤਨ ਕਰਦੇ ਹਨ । ਉਹ ਜਿਨ੍ਹਾਂ ਕਬੀਲਿਆਂ ਨੂੰ ਰਸਤੇ ਵਿਚ ਮਿਲਦੇ ਹਨ ਉਨ੍ਹਾਂ ਵਿਚ ਮਿਲਜੁਲ ਜਾਂਦੇ ਹਨ, ਕਦੀ ਯੁੱਧ ਕਰਕੇ ਜਾਂ ਫਿਰ ਵਪਾਰ, ਵਿਆਹ-ਸ਼ਾਦੀ ਜਾਂ ਮਿਲਦੇ ਜੁਲਦੇ ਕਾਰ-ਵਿਹਾਰਾਂ ਕਾਰਣ । ਸ਼ੁਰੂ ਵਿਚ ਲੜਾਈ ਝਗੜੇ ਵਾਲੇ ਸਮੇਂ ਤਨਾਉ ਵੀ ਰਹਿੰਦਾ ਹੈ, ਪਰ ਬਾਦ ਵਿਚ ਸ਼ਾਂਤੀ ਪਸਰ ਜਾਂਦੀ ਹੈ ਅਤੇ ਫਿਰ ਕਲਾਵਾ ਅਤੇ ਸ਼ਿਲਪਕਲਾਵਾਂ ਵਧਦੀਆਂ ਫੁਲਦੀਆਂ ਹਨ । ਲੈਣ ਦੇਣ ਰਿਸ਼ਤਿਆਂ ਦਾ ਆਧਾਰ ਬਣ ਜਾਂਦਾ ਹੈ । ਕਿਸੇ ਦੀ ਵੀ ਅਧੀਨਗੀ ਤੋ ਮੁਕਤ ਹਰ ਸਮੂਹ ਇਕ ਵਿਜਾਤੀ ਸਮਾਜ ਦੇ ਤੌਰ ਤੇ ਵਿਕਸਿਤ ਹੁੰਦਾ ਹੈ ਸੰਭਵ ਹੈ ਕਿ ਮੰਗੋਲੀਆ ਦੇ ਲੋਕ ਅਲਾਸਕਾ ਚਲੇ ਗਏ ਹੋਣ, ਐਂਗਲੋ-ਸੈਕਸਨ ਬ੍ਰਟੇਨ ਵਿਚ ਵਸ ਗਏ ਹੋਣ । ਸ਼ਾਇਦ ਮੂਸਾ ਨੇ ਚੁਣੇ ਹੋਏ ਲੋਕਾਂ ਦਾ ਪਵਿੱਤਰ ਜਾਂ ਪਹਿਲਾਂ ਮਿੱਥੀ ਥਾਂ ਦੀ ਤਾਲਾਸ਼ ਸਮੇਂ ਅਗਵਾਹੀ ਕੀਤੀ ਹੋਵੇ । ਹੋ ਸਕਦਾ ਹੈ ਕੋਲੰਬਸ ਨੇ ਯੂਰਪੀ ਦੇਸ਼ਾਂ ਨੂੰ ਦੂਰ ਦੁਰਾਡੇ ਦੇਸ਼ਾ ਵਲ ਜਾਣ ਲਈ ਅਗਵਾਹੀ ਕੀਤੀ ਹੋਵੇ । ਇਹੋ ਕਾਰਣ ਸੀ ਕਿ ਬਸਤੀਵਾਦ ਦੂਸਰੇ ਦੇਸ਼ਾਂ ਨੂੰ ਜਿੱਤਣ ਦਾ ਇਕ ਸਾਧਨ ਬਣ ਗਿਆ ਅਤੇ ਇਸ ਪ੍ਰਕਾਰ ਉਹ ਦੇਸ਼ ਅਤੇ ਸਭਿਅਤਾ ਉਨ੍ਹਾਂ ਦੇ ਅਧੀਨ ਆ ਗਏ ਹੋਣ । ਵਪਾਰ ਅਤੇ ਧੰਧਾ ਅੱਜ ਵੱਡੇ ਪੈਮਾਨੇ ਤੇ ਵਿਭਿੰਨ ਦੇਸ਼ਾਂ ਵਲ ਪਰਵਾਸ ਦਾ ਪ੍ਰਮੁੱਖ ਕਾਰਣ ਹੈ । ਇਹ ਸਾਰੇ ਉਦਾਹਰਣ ਸਭਿਆਚਾਰਕ ਮਿਸ਼ਰਣ ਦੇ ਹਨ । ਹਰ ਸਮੂਹ ਆਪਣੀ ਪੂਰਵਜਾਂ ਵਾਲੀ ਅੰਤਰਦ੍ਰਿਸ਼ਟੀ, ਪੁਰਾਣੇ ਘਰਾਂ ਲਈ ਉਦਰੇਵਾਂ ਦੇ ਨਾਲ ਵਸਦਾ ਹੈ । ਪਰ ਵਕਤ ਬੀਤਨ ਨਾਲ, ਇਕ ਜਾਂ ਦੋ ਪੀੜ੍ਹੀਆਂ ਬਾਦ ਇਨ੍ਹਾਂ ਸਭ ਪੁਰਾਣੇ ਸੰਬੰਧਾਂ ਦੇ ਬਹੁਤ ਥੋੜੇ ਨਿਸ਼ਾਨ ਰਹਿ ਜਾਂਦੇ ਹਨ । ਸ਼ਾਇਦ ਅਗਲੀ ਸ਼ਤਾਬਦੀ ਵਿਚ ਕੋਈ ਇਹ ਭਵਿਖਬਾਣੀ ਕਰਨ ਦਾ ਖਤਰਾ ਚੁੱਕੇ ਕਿ ਦੁਨੀਆਂ ਦੀ ਆਬਾਦੀ ਆਪਣੀ ਪੁਰਾਣੀ ਖੇਤਰੀ ਪਛਾਣ ਨੂੰ ਜੀਉਂਦਿਆਂ ਰਖਣ ਲਈ ਬਹੁਤ ਮੁਸ਼ਕਲ ਮਹਿਸੂਸ ਕਰੇਗੀ । ਜਦੋਂ ਅਸੀ ਜਿੱਥੇ ਰਹਿੰਦੇ ਹਾਂ, ਉਹੀ ਸਾਰਾ ਖੇਤਰ ਹੋ ਜਾਂਦਾ ਹੈ । ਅਸੀਂ ਹਰ ਨਵੇਂ ਰੰਗ ਢੰਗ ਦੇ ਆਦੀ ਹੋ ਜਾਂਦੇ ਹਾਂ । ਤੁਹਾਡਾ ਆਪਣੀ



RaadheytheVisiion || Contact us: - +919625757536; +918889907405
mailto:mentorship@raadheythevisiion.in raadheythevisiion.in
Mukherjee Nagar, North West, Delhi-110009

ਅਸਲਾ ਵਿਸ਼ਵੀ ਅਸਲੇ ਵਿਚ ਘੁਲ ਮਿਲ ਜਾਂਦਾ ਹੈ । ਬਹੁਤ ਘੱਟ ਹੋਣਗੇ ਜਿਹੜੇ ਆਪਣੀ ਪਛਾਣ ਨੂੰ ਸੰਭਾਲ ਕੇ ਰੱਖ ਸਕਦੇ ਹਨ । ਨਵਾਂ ਪ੍ਰਬੰਧ ਸਾਰੇ ਕੁਝ ਨੂੰ ਨਵਾਂ ਕਰ ਦਿੰਦਾ ਹੈ । ਪਹਿਲਾਂ ਤੋਂ ਹੀ ਪੁਰਾਣੀਆਂ ਮਾਨਤਾਵਾਂ ਤੋਂ ਮੁਕਤ ਪੀੜ੍ਹੀਆਂ ਭਵਿਖਮੁਖੀ ਹਨ ਅਤੇ ਗੁਆਚ ਚੁਕੀਆਂ ਪਹਿਚਾਣਾਂ ਨੂੰ ਬਚਾ ਕੇ ਰੱਖਣ ਦੀ ਭਾਵੁਕਤਾ ਤੋਂ ਵੀ ਪੂਰੀ ਤਰ੍ਹਾਂ ਮੁਕਤ ਹਨ । ਕੋਈ ਵੀ ਆਦਮੀ ਜਾਂ ਔਰਤ ਇਕਲਾਪੇ ਵਿਚ ਬਹੁਤ ਦੇਰ ਨਹੀ ਰਹਿ ਸਕਦਾ । ਇਸੇ ਪ੍ਰਕਾਰ ਕੋਈ ਸਭਿਅਤਾ ਵੀ ਬਹੁਤੀ ਦੇਰ ਇਕਲਾਪੀ ਨਹੀ ਰਹਿ ਸਕਦੀ । ਕੇਂਦਰੀਕਰਣ ਅਤੇ ਵਿਕੇਂਦਰੀਕਰਣ ਦੀਆਂ ਸ਼ਕਤੀਆਂ ਕੁਝ ਦੇਰ ਭਾਵੇਂ ਕੰਮਾਂ ਕਰਦੀਆਂ ਰਹਿਣ । ਅਣਗਿਣਤ ਪੀੜ੍ਹੀਆਂ ਬੇਸ਼ਕ ਆਪਣੀ ਹੱਦ ਵਿਚ ਪਰਤਣ ਲਈ ਪ੍ਰਾਰਥਾਵਾਂ ਕਰਦੀਆ ਰਹਿਣ, ਆਪਣੇ ਵਿਸ਼ਵਾਸ ਵਿਚ ਸੁਰਿਖਿਅਤ ਹੋਣ ਲਈ ਅਤੇ ਬਾਹਰੀ ਪ੍ਰਭਾਵਾਂ ਤੋਂ ਪੂਰੀ ਤਰਾਂ ਬਚਾਉ ਦੇ ਯਤਨ ਕਰਦੀਆਂ ਰਹਿਣ । ਅਤੇ ਅਸੀਂ ਭਲੀਭਾਂਤ ਜਾਣਦੇ ਹਾਂ ਕਿ ਇੱਕੋ ਵੇਲੇ ਏਨੀਆਂ ਸੰਵੇਦਨਸ਼ੀਲ, ਏਨੀਆਂ ਅਸੁਰਖਿਅਤ, ਕਮਜ਼ੋਰ ਅਤੇ ਅਣਚਾਹੀਆਂ ਕ੍ਰਿਆਵਾਂ ਅਤੇ ਪ੍ਰਤਿਕ੍ਰਿਆਵਾਂ, ਇਨੇ ਸੁਤੰਤਰ ਅਤੇ ਫਿਰ ਵੀ ਏਨੇ ਨਿਰਭਰ । ਜੀਨ, ਡੀ.ਐਨ.ਏ. ਅਤੇ ਆਰ.ਐਨ.ਏ. ਪਹਿਲਾਂ ਹੀ ਪੱਕੀ ਤਰਾਂ ਜੁੜੇ ਹੋਏ ਹਨ । ਹਰ ਅੰਗ ਜਾਣਦਾ ਹੈ ਪਹਿਲਾਂ ਕੀ ਵਾਰਪਰ ਚੁਕਾ ਹੈ । ਮਨ, ਸਰੀਰ ਅਤੇ ਸਜੀਵ ਆਪਾ ਉਸ ਸਭ ਪ੍ਰਤੀ ਗ੍ਰਹਿਣਸ਼ੀਲ ਹੈ ਜੋ ਦੂਸਰੇ ਸੋਚਦੇ ਹਨ, ਕਹਿੰਦੇ ਹਨ ਅਤੇ ਕਰਦੇ ਹਨ । ਇਹ ਅਗਿਆਨਤਾ ਹੀ ਡਰ ਨੂੰ ਜਨਮ ਦੇਂਦੀ ਹੈ, ਡਰ ਨਫਰਤ ਨੂੰ ਪੈਦਾ ਕਰਦੀ ਹੈ ਅਤੇ ਨਫਰਤ ਆਤਮ-ਵਿਸ਼ਵਾਸ ਨੂੰ ਤਬਾਹ ਕਰ ਦੇਂਦੀ ਹੈ ਅਤੇ ਤਬਾਹੀ ਅਤੇ ਮੌਤ ਵਲ ਲੈ ਜਾਂਦੀ ਹੈ । ਬਹੁਤ ਸਾਰੀਆਂ ਪੁਰਾਣੀਆਂ ਸਭਿਆਤਾਵਾਂ, ਬੀਤੇ ਸਮੇਂ, ਇਸੇ ਤਰਾਂ ਦੇ ਅੰਤ ਨੂੰ ਪ੍ਰਾਪਤ ਹੋਈਆਂ ਹੋ ਸਕਦੀਆਂ ਹਨ । ਜੀਉਂਦੇ ਰਹਿਣ ਲਈ ਦੂਜੇ ਨੂੰ ਆਪਣੇ ਅੰਦਰ ਸਮੋ ਲੈਣ ਦੀ ਲੋੜ ਹੈ ਇਸ ਦੇ ਬਾਵਜੂਦ ਕਿ ਦੂਸਰਾ ਭਾਵੇਂ ਨਰਕ ਹੀ ਹੋਵੇ ।

**ਪ੍ਰਸ਼ਨ :**

(i) ਪਰਵਾਸੀ ਲੋਕ ਉਸ ਖੇਤਰ ਦੇ ਲੋਕਾਂ ਨਾਲ, ਜਿਥੇ ਉਹ ਜਾ ਵਸਦੇ ਹਨ, ਪਹਿਲਾ ਕਿਵੇਂ ਮੇਲ-ਮਿਲਾਪ ਕਰਦੇ ਹਨ ? 12

(ii) ਪੁਰਾਣੇ ਸਮੇਂ ਵਿਚ ਲੋਕਾਂ ਦੇ ਪਰਵਾਸ ਦੇ ਕੀ ਕਾਰਣ ਸਨ ? ਇਹ ਕਾਰਣ ਅੱਜ ਦੇ ਪਰਵਾਸ ਦੇ ਕਾਰਣਾਂ ਨਾਲੋਂ ਕਿਵੇਂ ਵੱਖਰੇ ਹਨ ? 12

(iii) ਸਭਿਆਚਾਰ ਇਕ ਦੂਜੇ ਵਿਚ ਕਿਵੇਂ ਘੁਲਦੇ ਮਿਲਦੇ ਹਨ ? 12

(iv) ਪੁਰਾਣੀਆਂ ਸਭਿਆਤਾਵਾਂ ਆਪਣੇ ਅੰਤ ਨੂੰ ਕਿਵੇ ਪ੍ਰਾਪਤ ਹੋਈਆਂ ? 12

(v) ਲੇਖਕ ਕਿਉਂ ਕਹਿੰਦਾ ਹੈ ਕਿ ਕਿਸੇ ਸਭਿਆਚਾਰ ਦਾ ਇਕਲਾਪੇ ਵਿਚ ਰਹਿਣਾ ਸੰਭਵ ਨਹੀਂ ? 12



RaadheytheVisiion || Contact us: - +919625757536; +918889907405
mailto:mentorship@raadheythevisiion.in raadheythevisiion.in
Mukherjee Nagar, North West, Delhi-110009

Q3. ਹੇਠ ਲਿਖੇ ਵਾਰਤਕ–ਅੰਸ਼ ਦਾ ਸੰਖੇਪ ਸਾਰ ਇਕ–ਤਿਹਾਈ ਭਾਗ ਵਿਚ ਲਿਖੋ । ਸਿਰਲੇਖ ਸੁਝਾਉਣਾ ਜ਼ਰੂਰੀ ਨਹੀਂ : **60**

ਜਦੋਂ ਅਸੀਂ ਕਿਤੇ ਨੌਕਰੀ ਲਈ ਅਰਜ਼ੀ ਦੇਂਦੇ ਹਾਂ ਤਾਂ ਉਸਦੇ ਨਾਲ ਅਸੀ ਆਪਣੇ ਬਾਰੇ ਜਾਣਕਾਰੀ ਵੀ ਲਿਖਦੇ ਹਾਂ । ਇਥੇ ਆਮ ਤੌਰ ਤੇ ਅਸੀ ਆਪਣੇ ਬਾਰੇ ਚੰਗੀਆਂ ਗੱਲਾਂ, ਚੰਗੇ ਅਨੁਭਵ, ਚੰਗੀ ਪਿਠਭੂਮੀ ਨੂੰ ਉਭਾਰਦੇ ਹਾਂ । ਬਹੁਤ ਆਦਮੀ ਆਪਣੀਆਂ ਮੁਸ਼ਕਲਾਂ ਨੂੰ ਲੁਕਾਉਂਦੇ ਹਨ ਜਿਹੜੀਆਂ ਉਨ੍ਹਾਂ ਦੇ ਕੰਮ ਕਾਜ ਦੇ ਜੀਵਨ ਦੇ ਰਾਹ ਵਿਚ ਆਈਆਂ ਅਤੇ ਪ੍ਰਾਪਤੀਆਂ ਨੂੰ ਦੱਸਣ ਦਾ ਯਤਨ ਕਰਦੇ ਹਨ । ਜਦੋਂ ਮਾਲਿਕ ਇਹ ਸਾਰੀ ਜਾਣਕਾਰੀ ਪੜ੍ਹਦੇ ਹਨ ਤਾਂ ਆਮ ਤੌਰ ਤੇ ਉਨ੍ਹਾਂ ਨੂੰ ਲਗਦਾ ਹੈ ਕਿ ਹਰ ਆਦਮੀ ਆਪਣੇ ਆਪ ਨੂੰ ਇਸ ਸੰਸਾਰ ਦਾ ਸਭ ਤੋ ਮਹਾਨ ਵਿਅਕਤੀ ਦਸੱਣਾ ਚਾਹੁੰਦਾ ਹੈ । ਅਸੀਂ ਆਪਣੇ ਆਪ ਨੂੰ ਸਭ ਤੋਂ ਚੰਗੇ ਰੂਪ ਵਿਚ ਪੇਸ਼ ਕਰਨਾ ਚਾਹੁੰਦੇ ਹਾ ਤਾਂ ਜੋ ਸਾਨੂੰ ਹੀ ਇਹ ਨੌਕਰੀ ਮਿਲੇ । ਇਹੀ ਸੰਸਾਰ ਦੀ ਰੀਤ ਹੈ ।

ਇਸ ਸੰਬੰਧ ਵਿਚ ਖੇਡ ਜਗਤ ਨਾਲ ਜੁੜੀ ਇਕ ਸੱਚੀ ਕਹਾਣੀ ਹੈ । ਇਕ ਯੁਨੀਵਰਸਿਟੀ ਦੀ ਫੁੱਟਬਾਲ ਦੀ ਟੀਮ ਦੌੜਨ ਦਾ ਅਭਿਆਸ ਕਰ ਰਹੀ ਸੀ । ਇਕ ਖਿਲਾੜੀ ਦੀ ਜਗਾਹ ਲਾਈਨਮੈਨ ਦੀ ਸੀ । ਇਹ ਵਡਾ ਖਿਲਾੜੀ ਉਸ ਸਥਾਨ ਤੇ ਸੀ ਜਿੱਥੇ ਉਸਨੇ ਫੁੱਟਬਾਲ ਲੈ ਕੇ ਦੌੜਦੇ ਹੋਏ ਖਿਲਾੜੀ ਤੋਂ ਫੁੱਟਬਾਲ ਨੂੰ ਰੋਕਣਾ ਹੁੰਦਾ ਸੀ । ਇਸ ਸਭ ਤੋਂ ਵੱਧ ਤੇਜ਼ ਦੌੜਨ ਵਾਲਾ ਲਾਈਨਮੈਨ ਮੰਨਿਆ ਜਾਂਦਾ ਸੀ । ਇਕ ਦਿਨ ਉਹ ਕੋਚ ਕੋਲ ਗਿਆ ਅਤੇ ਉਸਨੂੰ ਕਹਿਣ ਲਗਾ ਕਿ ਉਹ ਪਿਛਲੇ ਵਾਲੇ ਖਿਲਾੜੀ ਵਾਂਗ ਥੋੜੀ ਲੰਮੀ ਤੇਜ਼ ਦੌੜ ਵਾਲੇ ਥਾਂ ਤੇ ਕਿਉਂ ਨਹੀਂ ਖੇਡ ਸਕਦਾ । ਕੋਚ ਨੇ ਉਸਨੂੰ ਇਸਦੀ ਇਜਾਜ਼ਤ ਦੇ ਦਿੱਤੀ । ਉਹ ਲਾਈਨਮੈਨ ਰੋਜ ਉਸ ਥਾਂ ਦੌੜਨ ਲਈ ਜਾਂਦਾ ਪਰ ਹਰ ਰੋਜ ਪਿੱਛੇ ਰਹਿ ਜਾਂਦਾ । ਦਿਨ ਬੀਤਦੇ ਗਏ ਤੇ ਉਹ ਉਥੇ ਉਨ੍ਹਾਂ ਤੇਜ਼ ਦੌੜਨ ਵਾਲੇ ਖਿਡਾਰੀਆਂ ਨਾਲ ਦੌੜਦਾ ਰਿਹਾ, ਭਾਵੇਂ ਉਹ ਹਰ ਰੋਜ਼ ਹਾਰ ਜਾਂਦਾ । ਇਹ ਹੋਣਾ ਹੀ ਸੀ, ਕਿਉਂਕਿ ਲਾਈਨਮੈਨ ਆਮ ਤੌਰ ਤੇ ਬਹੁਤੇ ਤੇਜ਼ ਨਹੀਂ ਸਮਝੇ ਜਾਂਦੇ, ਜਿੰਨੇ ਕਿ ਪਿੱਛੇ ਦੌੜਨ ਵਾਲੇ ।

ਕੋਚ ਹੈਰਾਨ ਸੀ, ਉਸਨੇ ਆਪਣੇ ਆਪ ਨੂੰ ਪੁੱਛਿਆ "ਇਹ ਖਿਡਾਰੀ ਕਿਉਂ ਉਹ ਵਧੀਆ ਦੌੜਨ ਵਾਲਿਆਂ ਨਾਲ ਖੇਡਣਾ ਚਾਹੁੰਦਾ ਹੈ ਅਤੇ ਹਰ ਵਾਰ ਆਖੀਰ ਵਿਚ ਪਿੱਛੇ ਰਹਿੰਦਾ ਹੈ, ਜਦ ਕਿ ਉਹ ਲਾਈਨਮੈਨਾਂ ਨਾਲ ਖੇਡ ਕੇ ਸਭ ਤੋ ਤੇਜ਼ ਹੋ ਸਕਦਾ ਹੈ ?"

ਕੋਚ ਉਸ ਜਵਾਨ ਆਦਮੀ ਨੂੰ ਬਹੁਤ ਦਿਨ ਵੇਖਦਾ ਰਿਹਾ ਅਤੇ ਲਾਈਨਮੈਨ ਨੂੰ ਹਰ ਵਾਰ ਹਾਰਦਾ ਵੇਖਕੇ ਉਸਦੇ ਉਸ ਪੁੱਛਣ ਦਾ ਫੈਸਲਾ ਕੀਤਾ : "ਕੀ ਤੂੰ ਜੇਤੂ ਨਹੀਂ ਬਣਨਾ ਚਾਹੁੰਦਾ, ਦੂਸਰੇ ਲਾਈਨਮੈਨਾਂ ਨਾਲ ਦੌੜਕੇ । ਕਿਉਂ ਕਿ ਪਿੱਛੇ ਦੌੜਨ ਵਾਲੇ ਖਿਡਾਰੀਆ ਵਿਚ ਤਾਂ ਹਰ ਵਾਰ ਹਾਰਦਾ ਹੀ ਹੈਂ ?"



RaadheytheVisiion || Contact us: - +919625757536; +918889907405
mailto:mentorship@raadheythevisiion.in raadheythevisiion.in
Mukherjee Nagar, North West, Delhi-110009

ਉਹ ਫੁੱਟਬਾਲ ਖਿਡਾਰੀ ਦਾ ਜਵਾਬ ਸੁਣਕੇ ਹੈਰਾਨ ਹੋਇਆ । ਉਸ ਖਿਡਾਰੀ ਨੇ ਕਿਹਾ, ''ਮੈਂ ਇਥੇ ਲਾਈਨਮੈਨਾਂ ਤੋਂ ਅੱਗੇ ਰਹਿਣ ਲਈ ਨਹੀਂ ਦੌੜ ਰਿਹਾ । ਮੈਂ ਤੇਜ਼ ਦੌੜਨਾ ਸਿਖੱਣਾ ਚਾਹੁੰਦਾ ਹਾਂ । ਅਤੇ ਜੇ ਤੁਸੀਂ ਧਿਆਨ ਨਾਲ ਵੇਖਿਆ ਹੋਵੇ, ਮੈਂ ਉਨ੍ਹਾਂ ਪਿਛਲੇ ਦੌੜਨ ਵਾਲਿਆ ਨਾਲ ਨਿਰੰਤਰ ਘੱਟ ਦੂਰੀ ਤੋਂ ਹਾਰ ਰਿਹਾ ਹਾਂ ।''

ਇਹ ਕਹਾਣੀ ਸਾਡੀ ਅਧਿਆਤਮਕ ਸਥਿਤੀ ਦਾ ਭੇਦ ਵੀ ਦਸਦੀ ਹੈ । ਅਸੀਂ ਸੰਸਾਰਕ ਕੰਮਾਂ ਵਿਚ ਆਪਣੇ ਆਪ ਨੂੰ ਸਭ ਤੋਂ ਵਧੀਆ ਦਸੱਣਾ ਚਾਹੁੰਦੇ ਹਾਂ । ਪਰ, ਜਦੋਂ ਅਧਿਆਤਮਕ ਕੰਮ ਦੀ ਗਲ ਕਰੀਏ ਤਾਂ ਅਸੀਂ ਪ੍ਰਮਾਤਮਾਂ ਕੋਲੋਂ ਕੁਝ ਵੀ ਨਹੀਂ ਲੁਕਾ ਸਕਦੇ । ਸਾਡੀ ਤਰੱਕੀ ਪ੍ਰਮਾਤਮਾ ਅੱਗੇ ਇੱਕ ਖੁਲ੍ਹੀ ਕਿਤਾਬ ਹੈ । ਅਧਿਆਤਮਿਕਤਾ ਵਿਚ ਉਸਦੀ ਮਿਹਰ ਸਾਡੇ ਸੱਚੇ ਯਤਨਾ ਉਪਰ ਹੀ ਆਧਾਰਿਤ ਹੈ । ਅਸੀ ਆਪਣੀਆਂ ਅਧਿਆਤਮਕ ਪ੍ਰਾਪਤੀ, ਅਪ੍ਰਾਪਤੀਆਂ ਉਸ ਸਿਰਜਣਹਾਰ ਕੋਲੋਂ ਛੁਪਾ ਨਹੀਂ ਸਕਦੇ ।.

ਫੁੱਟਬਾਲ ਖਿਡਾਰੀ ਨੇ ਇਹ ਸਿਖਿਆ ਕਿ ਉਹ ਆਪਣਾ ਜੀਵਨ ਪੁਰਾਣੀਆਂ ਪ੍ਰਾਪਤੀਆਂ ਦੇ ਸਹਾਰੇ ਨਹੀਂ ਸੁਧਾਰ ਸਕਦਾ । ਉਹ ਜਾਣਦਾ ਸੀ ਸੀ ਕਿ ਆਪਣੇ ਸਾਹਮਣੇ ਮੁਸ਼ਕਲਾਂ ਦਾ ਮੁਕਾਬਲਾ ਕਰਕੇ ਹੀ ਉਹ ਅੱਗੇ ਵੱਧ ਸਕਦਾ ਹੈ । ਉਨਾਂ ਬੰਦਿਆਂ ਦਾ ਮੁਕਾਬਲਾ ਕਰਕੇ, ਜਿਹੜੇ ਉਸਤੋਂ ਅੱਗੇ ਸਨ, ਉਨ੍ਹਾਂ ਤੋਂ ਅਗੇ ਜਾਣਾ ਹੀ ਉਸਦਾ ਨਸ਼ਾਨਾ ਸੀ । ਇਸ ਤਰ੍ਹਾਂ ਉਸਨੂੰ ਆਪਣੀਆਂ ਕਮਜ਼ੋਰੀਆਂ ਦਾ ਪਤਾ ਚਲੇਗਾ ਅਤੇ ਉਹ ਉਨ੍ਹਾਂ ਨੂੰ ਪਾਰ ਕਰ ਸਕੇਗਾ । ਉਹ ਆਪਣੇ ਨੂੰ ਸੁਧਾਰਨ ਦੇ ਯਤਨ ਵਿੱਚ ਸੀ ਵਾਹਵਾਹੀ ਖੱਟਣ ਜਾਂ ਪ੍ਰਸੰਸਾ ਪ੍ਰਾਪਤ ਕਰਨ ਲਈ ਨਹੀਂ ਸੀ ਖੇਡ ਰਿਹਾ ।

ਫੁੱਟਬਾਲ ਖਿਲਾੜੀ ਵੇਖ ਸਕਦਾ ਸੀ ਕਿ ਦੂਸਰੇ ਖਿਡਾਰੀ ਕੀ ਕਰ ਰਹੇ ਹਨ ਤੇ ਇਸ ਤਰ੍ਹਾਂ ਉਹ ਆਪਣੀ ਕਾਬਲੀਅਤ ਦਾ ਵਿਕਾਸ ਕਰ ਸਕਦਾ ਸੀ । ਹਾਰ ਉਸਨੂੰ ਦਸਦੀ ਸੀ ਕਿ ਆਪਣੇ ਆਪ ਨੂੰ ਅੱਗੇ ਲਿਜਾਣ ਲਈ ਅੱਗੇ ਕੀ ਕਰਨਾ ਹੈ । ਇਸ ਤਰ੍ਹਾਂ ਕਰਦਿਆਂ ਹਰ ਹਰ ਰੋਜ ਹਾਰਦਾ ਸੀ ਪਰ ਪਿਛਲੇ ਦਿਨ ਨਾਲੋਂ ਕੁਝ ਘੱਟ । ਜਦੋਂ ਅਸੀਂ ਆਪਣੀਆਂ ਅਸਫਲਤਾਵਾਂ ਵੇਖਦੇ ਹਾਂ ਤਾਂ ਸਾਨੂੰ ਪਤਾ ਚਲਦਾ ਹੈ ਕਿ ਹਰ ਰੋਜ਼ ਆਪਣੇ ਆਪ ਨੂੰ ਸੁਧਾਰਨ ਲਈ ਸਾਨੂੰ ਕੀ ਕਰਨਾ ਚਾਹੀਦਾ ਹੈ । ਇਸ ਤਰ੍ਹਾਂ ਯਤਨ ਕਰਨ ਨਾਲ ਅਸੀ ਪਿਛਲੇ ਦਿਨ ਨਾਲੋਂ ਘੱਟ ਅਸਫਲ ਹੋਵਾਂਗੇ । ਇਕ ਦਿਨ ਆਵੇਗਾ ਕਿ ਅਸੀ ਉਸ ਸਥਿਤੀ ਤੇ ਪਹੁੰਚ ਜਾਵਾਂਗੇ ਕਿ ਅਸਫਲਤਾ ਲਗਭਗ ਨਾ ਹੋਵੇ ।

ਅਸੀ ਪ੍ਰਮਾਤਮਾਂ ਕੋਲੋਂ ਆਪਣੀਆਂ ਅਸਫਲਤਾਵਾਂ ਨਹੀਂ ਲੁਕਾ ਸਕਦੇ, ਉਹ ਸਭ ਕੁਝ ਵੇਖਦਾ ਹੈ । ਪ੍ਰਮਾਤਮਾ ਚਾਹੁੰਦਾ ਹੈ ਕਿ ਅਸੀਂ ਆਪਣੀਆਂ ਅਸਫਲਤਾਵਾਂ ਤੋਂ ਪਾਰ ਜਾਣ ਲਈ ਇਮਾਨਦਾਰ ਯਤਨ ਕਰੀਏ । ਜਦੋਂ ਪ੍ਰਮਾਤਮਾ ਵੇਖਦਾ ਹੈ ਕਿ ਅਸੀ ਸੱਚੇ ਯਤਨ ਕਰ ਰਹੇ ਹਾਂ ਤਾਂ ਉਹ ਸਾਡੀਆਂ ਅਸਫਲਤਾਵਾਂ ਦਾ ਵੀ ਮੁੱਲ ਪਾਉਂਦਾ ਹੈ; ਭਾਵੇਂ ਸਾਡੇ ਅੱਗੇ ਮੁਸ਼ਕਲਾਂ ਆਉਣ, ਸਾਡੀ ਈਮਾਨਦਾਰੀ ਪਛਾਣੀ ਜਾਂਦੀ ਹੈ । ਰਬ ਫਿਰ ਆਪਣੇ ਪਿਆਰ ਅਤੇ ਮਿਹਰ ਨਾਲ ਸਾਡੇ ਯਤਨ ਦਾ ਜਵਾਬ ਦੇਂਦਾ ਹੈ । ਇੰਜ ਜੇ ਅਸੀਂ ਅਜੇ ਵੀ ਯਤਨ ਕਰ ਰਹੇ ਹਾਂ, ਸਾਨੂੰ ਮਦਦ ਮਿਲੇਗੀ । ਪ੍ਰਮਾਤਮਾ ਸਾਨੂੰ ਹਲਾਸ਼ੇਰੀ ਦੇਂਦਾ ਹੈ ਤਾਂ ਜੋ ਅਸੀਂ ਆਪਣੀਆਂ ਨਾਕਾਮੀਆਂ ਤੋਂ ਪਾਰ ਸਕੀਏ ਅਤੇ ਉਨ੍ਹਾਂ ਨੂੰ ਇਕ ਪਾਸੇ ਕਰ ਸਕੀਏ ਅਤੇ ਕਾਮਯਾਬ ਹੋ ਸਕੀਏ । (808 ਸ਼ਬਦ)



RaadheytheVisiion || Contact us: - +919625757536; +918889907405
mailto:mentorship@raadheythevisiion.in raadheythevisiion.in
Mukherjee Nagar, North West, Delhi-110009

Q4. ਹੇਠ ਲਿਖੇ ਗੱਦ ਟੋਟੇ ਦਾ ਪੰਜਾਬੀ ਵਿਚ ਅਨੁਵਾਦ ਕਰੋ : 20

Most people involved in the film production industry know that there is a constant evolution. The change is in the way movies are made, discovered, marketed, distributed, shown, and seen. Following independence in 1947, the 1950s and 60s are regarded as the 'Golden Age' of Indian cinema in terms of films, stars, music and lyrics. The genre was loosely defined, the most popular being 'socials', films which addressed the social problems of citizens in the newly developing state. In the mid-1960s, camera technology revolutionized the documentary method by enabling the synchronized recording of image and sound. Today, CINEMA 4D users are free to create scenes without worrying about the size of objects or how many objects are in the scene, shaded settings, texture size, multipass-rendering or eye-catching particle systems.

Until the 1960s, film-making companies, many of whom owned studios, dominated the film industry. Artistes and technicians were either their employees or were contracted on a long-term basis. Since the 1960s, however, most performers went the freelance way, resulting in the star system and huge escalations in film production costs. Financing deals in the industry also started becoming murkier and murkier, since then. According to estimates, the Indian film industry has an annual turnover of ₹ 60 billion. It employs more than 6 million people, most of whom are contract workers as opposed to regular employees. In the late 1990s, it was recognized as an industry.

More money impacted the perception, visual representation, and definitions of reality. Like any other media of mass communication, the themes are relevant to their times.

Thus, film-making became more expensive and riskier. As opposed to the time of the Gemini Studios, when only 5 percent of a movie was shot outdoor, film-makers often select overseas locations in order to create greater realism, manage costs more efficiently or source people and props. Film-makers spend considerable time scouting for the perfect location.



RaadheytheVisiion || Contact us: - +919625757536; +918889907405
mailto:mentorship@raadheythevisiion.in raadheythevisiion.in
Mukherjee Nagar, North West, Delhi-110009

Q5. ਹੇਠ ਲਿਖੇ ਗੱਦ ਟੋਟੇ ਦਾ ਅੰਗਰੇਜੀ ਵਿਚ ਅਨੁਵਾਦ ਕਰੋ : **20**

ਪਰਿਹਾਸ ਮਨੁੱਖਾਂ, ਵਸਤਾਂ ਜਾਂ ਸਥਿਤੀਆਂ ਦੀ ਉਹ ਯੋਗਤਾ ਜਾਂ ਗੁਣ ਹੈ, ਜਿਸ ਨਾਲ ਆਨੰਦ ਦੀ ਭਾਵਨਾ ਜਗਾਈ ਜਾਂਦੀ ਹੈ । ਇਹ ਸੰਕੇਤ ਮਨੋਰੰਜਨ ਜਾਂ ਮਾਨਵੀ ਸੰਚਾਰ ਦਾ ਇਕ ਰੂਪ ਹੈ ਜਿਹੜਾ ਇਸ ਪ੍ਰਕਾਰ ਦੀ ਭਾਵਨਾ ਪੈਦਾ ਕਰਦਾ ਹੈ ਜਾਂ ਜਿਹੜਾ ਲੋਕਾਂ ਨੂੰ ਹਸਾਉਂਦਾ ਜਾਂ ਖੁਸ਼ ਕਰਦਾ ਹੈ ।

ਆਲੋਚਨਾ ਨਿਰਣੇ ਨਾਲ ਸੰਬੰਧਿਤ ਕਾਰਜ ਜਾਂ ਗਿਆਨਵਾਨ ਵਿਆਖਿਆ ਹੈ । ਰਚਨਾਤਮਕ ਆਲੋਚਨਾ ਸੰਚਾਰ ਦਾ ਉਹ ਰੂਪ ਹੈ ਜਿਥੇ ਇਕ ਵਿਅਕਤੀ ਦੂਸਰੇ ਵਿਅਕਤੀ ਦੇ ਵਿਹਾਰ ਨੂੰ ਰੋਹਬ ਤੋਂ ਬਿਨਾ ਅਤੇ ਆਮ ਤੌਰ ਤੇ ਕੁਸ਼ਲ ਪਹੁੰਚ ਵਿਧੀ ਨਾਲ ਦਰੁਸਤ ਕਰਨ ਦਾ ਯਤਨ ਕਰਦਾ ਹੈ, ਉਸਨੂੰ ਜੋ ਦੂਸਰਾ ਵਿਅਕਤੀ ਸਮਾਜਿਕ ਤੌਰ ਤੇ ਗਲਤ ਕਰ ਰਿਹਾ ਹੈ । ਇਹ ਰਚਨਾਤਮਕ ਹੈ, ਹੁਕਮ ਜਾਂ ਬੇਇਜ਼ਤੀ ਦੇ ਮੁਕਾਬਲੇ । ਇਹ ਹਾਲਤ ਨੂੰ ਠੀਕ ਕਰਨ ਦੀ ਸ਼ਾਂਤੀਪੂਰਨ ਅਤੇ ਸਦਭਾਵਨਾ ਭਰਪੂਰ ਪਹੁੰਚ ਹੈ ।

ਵਿਅੰਗ-ਰਚਨਾ ਇਸ ਤਰ੍ਹਾਂ ਦਾ ਇਕ ਹਥਿਆਰ ਹੈ ਜਿਹੜਾ ਆਲੋਚਕਾਂ ਦੁਆਰਾ ਵਰਤਿਆ ਜਾਂਦਾ ਹੈ । ਇਹ ਆਮ ਤੌਰ ਤੇ ਹਾਜਰ ਜਵਾਬੀ ਅਤੇ ਮਜ਼ਾਕੀਆ ਹੁੰਦਾ ਹੈ । ਵਿਅੰਗ-ਰਚਨਾ ਦਾ ਮੰਤਵ ਮੁੱਖ ਤੌਰ ਤੇ ਪਰਿਹਾਸ ਨਹੀਂ ਹੁੰਦਾ ਸਗੋਂ ਇਸ ਦਾ ਮੰਤਵ ਕਿਸੇ ਘਟਨਾ, ਵਿਅਕਤੀ ਜਾਂ ਕਿਸੇ ਸਮੂਹ ਦੀ ਚਾਲਾਕੀ ਭਰੇ ਤਰੀਕੇ ਨਾਲ ਆਲੋਚਨਾ ਕਰਨਾ ਹੈ ।

ਵਿਅੰਗ-ਰਚਨਾ ਬਹੁਤ ਯਥਾਰਥਕ ਸਾਹਿਤਕ ਸੰਕੇਤ ਹੈ; ਇਸਦਾ ਆਮ ਤੌਰ ਤੇ ਨਿਸ਼ਾਨਾ ਬੜਾ ਨਿਸ਼ਚਿਤ ਹੁੰਦਾ ਹੈ । ਇਹ ਨਿਸ਼ਾਨਾ ਕੋਈ ਵਿਅਕਤੀ, ਵਿਅਕਤੀ ਸਮੂਹ, ਕੋਈ ਵਿਚਾਰ ਜਾਂ ਵਤੀਰਾ, ਕੋਈ ਸੰਸਥਾ ਜਾਂ ਸਮਾਜਕ ਰੀਤੀ ਹੁੰਦਾ ਹੈ । ਕੁਝ ਵੀ ਹੋਵੇ ਪਰ, ਨਿਸ਼ਾਨਾ ਕਿਸੇ ਨੂੰ ਮਜ਼ਾਕ ਬਨਾਉਣਾ ਹੈ । ਕਿਉਂਕਿ ਵਿਅੰਗ-ਰਚਨਾ ਗੁੱਸੇ ਅਤੇ ਪਰਿਹਾਸ ਦਾ ਮਿਸ਼ਰਣ ਹੁੰਦੀ ਹੈ ਇਸ ਲਈ ਇਹ ਦੁਖੀ ਕਰ ਸਕਦੀ ਹੈ । ਅਤੇ ਕਿਉਂਕਿ ਇਹ ਵਿਅੰਗਾਤਮਕ ਹੁੰਦੀ ਹੈ, ਇਸ ਕਰਕੇ ਇਹ ਪੂਰੀ ਤਰਾਂ ਸਹੀ ਨਹੀਂ ਸਮਝੀ ਜਾਂਦੀ, ਗਲਤ ਵੀ ਸਮਝੀ ਜਾਂਦੀ ਹੈ ।

ਇਹ ਉਹ ਕਲਾਤਮਕ ਰੂਪ ਹੈ ਜਿਸ ਵਿਚ ਮਨੁੱਖ, ਜਾਂ ਵਿਅਕਤੀਗਤ ਦੁਰਾਚਾਰ, ਗਲਤ ਗੱਲਾਂ ਅਤੇ ਕਮੀਆਂ ਪੇਸੀਆਂ ਉਪਰ ਵਿਅੰਗ ਕੀਤਾ ਜਾਂਦਾ ਹੈ, ਉਨ੍ਹਾਂ ਨੂੰ ਮਜ਼ਾਕ ਦਾ, ਪਰਿਹਾਸ ਦਾ, ਵਿਅੰਗ ਦਾ ਪਾਤਰ ਬਣਾਇਆ ਜਾਂਦਾ ਹੈ । ਇਹ ਸਭ ਉਸ ਵਿਚ ਸੁਧਾਰ ਲਿਆਉਣ ਦੀ ਇੱਛਾ ਨਾਲ ਵੀ ਕੀਤਾ ਜਾਂਦਾ ਹੈ । ਸਾਹਿਤ ਅਤੇ ਨਾਟਕ ਇਸ ਪ੍ਰਮੁੱਖ ਵਾਹਨ ਹਨ । ਪਰ, ਇਹ ਦੂਸਰੇ ਮਾਧਿਅਮਾਂ ਜਿਵੇ ਫਿਲਮਾਂ, ਦ੍ਰਿਸ਼ ਕਲਾਵਾਂ ਅਤੇ ਰਾਜਨੀਤਕ ਕਾਰਟੂਨਾਂ ਵਿਚ ਵੀ ਮਿਲਦਾ ਹੈ । ਹੋਰੇਸ ਦੇ ਅਨੁਸਾਰ ਵਿਅੰਗ ਰਚਨਹਾਰ ਇਸ ਸੰਸਾਰ ਦਾ ਉਹ ਸਜੱਣ ਪੁਰਸ਼ ਹੈ ਜੋ ਸਾਰੇ ਪਾਸੇ ਮੂਰਖਤਾਵਾਂ ਵੇਖਦਾ ਹੈ, ਪਰ ਗੁੱਸਾ ਕਰਨ ਦੀ ਬਜਾਏ ਹਲਕਾ ਜਿਹਾ ਹੱਸ ਪੈਂਦਾ ਹੈ ।



RaadheytheVisiion || Contact us: - +919625757536; +918889907405
mailto:mentorship@raadheythevisiion.in raadheythevisiion.in
Mukherjee Nagar, North West, Delhi-110009

Q6. (ੳ) ਹੇਠ ਲਿਖੇ ਵਾਕਾਂ ਦੇ ਸ਼ਬਦ-ਜੋੜ ਸੋਧ ਕੇ ਲਿਖੋ : 2×5=10

(i) ਓਸ ਵਿਚ ਕਿਨਾ ਵਸਤੁ ਜਾ ਤਤ ਹੈ ? 2

(ii) ਪੈਸਾ ਇਕ ਅਜੈਹੀ ਚਿਜ ਹੈ ਜੋ ਪਾਪਾ ਨਾਲ ਜੜਦੀ ਹੇ । 2

(iii) ਉਹ ਤਾ ਨਸੇ ਪਤੇ ਦਾ ਆਦਿ ਹੋ ਗਇਆ ਹੇ ।. 2

(iv) ਟੈਲਿਵਿਜਨ ਅਜਕਲ ਦਮਾਗ਼ ਖ਼ਰਾਬ ਕਰ ਦੇਂਦਾ ਹੈ । 2

(v) ਲਖਾਰੀ ਨੁ ਸਮਾਜ ਸੋਧਾਰਕ ਹੁਣਾ ਚਾਹੀਦੈ ਹੈ । 2

(ਅ) ਹੇਠ ਲਿਖੇ ਮੁਹਾਵਰੇ-ਅਖਾਣਾਂ ਦੇ ਅਰਥ ਦਸ ਕੇ, ਉਨ੍ਹਾਂ ਨੂੰ ਵਾਂਕਾਂ ਵਿਚ ਵਰਤੋ : 2×5=10

(i) ਚੋਰ ਨਾਲੋਂ ਪੰਡ ਕਾਹਲੀ 2

(ii) ਗੋਗਲੂ ਤੋਂ ਮਿੱਟੀ ਝਾੜਨਾ 2

(iii) ਨਸ਼ਤਰਾਂ ਚਲਾਉਣੀਆਂ 2

(iv) ਅੰਨ੍ਹੇ ਕੁੱਤੇ ਹਰਨਾ ਮਗਰ 2

(v) ਸਾਈਆਂ ਕਿਤੇ ਵਧਾਈਆਂ ਕਿਤੇ 2

(ੲ) ਹੇਠ ਲਿਖੇ ਵਾਕਾਂ ਲਈ ਇਕ ਸ਼ਬਦ ਦੀ ਵਰਤੋਂ ਕਰੋ : 2×5=10

(i) ਜਿਹੜਾ ਲਕੱੜੀ ਦਾ ਕੰਮ ਕਰਦਾ ਹੋਵੇ 2

(ii) ਉਹ ਪਾਠ ਜੋ ਆਦਿ ਤੋਂ ਅੰਤ ਤਕ ਅਰੁੱਕ ਕੀਤਾ ਜਾਵੇ 2

(iii) ਆਪਣਾ ਮਤਲਬ ਕਢੱਣ ਵਾਲਾ 2

(iv) ਦੇਸ ਲਈ ਮਰ ਮਿਟਣ ਵਾਲਾ 2

(v) ਜਿਹੜਾ ਪੋਸਤ ਪੀਣ ਦਾ ਆਦੀ ਹੋਵੇ 2

(ਸ) ਹੇਠ ਲਿਖੇ ਸ਼ਬਦਾਂ ਦੇ ਵਾਕ ਬਣਾਓ ਤਾਂ ਜੋ ਅਰਥ ਸਪਸ਼ਟ ਹੋ ਜਾਣ : 2×5=10

(i) ਅਸਹਿਮਤੀ 2

(ii) ਭੁਲੇਖਾ-ਪਾਊ 2

(iii) ਸੰਪੰਨਤਾ 2

(iv) ਸੰਕਲਪ 2

(v) ਅਸਿਖਿਅਤ 2



RaadheytheVisiion || Contact us: - +919625757536; +918889907405
mailto:mentorship@raadheythevisiion.in raadheythevisiion.in
Mukherjee Nagar, North West, Delhi-110009

raadheythevisiion.in